ਸੇਵਾ ਵਿਖੇ: HDSB ਦੇ ਸਾਰੇ ਮਾਤਾ-ਪਿਤਾ
ਵਿਸ਼ਾਂ: **ਔਨਲਾਈਨ ਸਰਵੇਖਣ "Have Your Say" ਦੇ ਲਈ ਤੁਹਾਨੂੰ ਸੱਦਾ**

---

ਅਪ੍ਰੈਲ 26, 2021

ਪਿਆਰੇ HDSB ਦੇ ਮਾਤਾ-ਪਿਤਾ/ਨਿਗਰਾਨ,

ਅੱਜ (26 ਅਪ੍ਰੈਲ) ਤੋਂ 24 ਮਈ ਤਕ ਹਾਲਟਨ ਸਕੂਲ ਡਿਸਟ੍ਰਿਕਟ ਬੋਰਡ ਤੁਹਾਨੂੰ HDSB ਵੱਲੋਂ ਕੀਤੇ ਜਾਣ ਵਾਲੇ ਸਰਵੇਖਣ *Have Your Say* ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦਾ ਹੈ।

ਸਾਡੇ ਵਿਦਿਆਰਥੀਆਂ ਦੀ ਕਾਮਯਾਬੀ ਲਈ ਮਾਤਾ-ਪਿਤਾ/ਨਿਗਰਾਨ ਵੱਲੋਂ ਫੀਡਬੈਕ ਅਤੇ ਸਹਾਇਤਾ ਬਹੁਤ ਜ਼ਰੂਰੀ ਹਨ। *Have Your Say* ਸਰਵੇਖਣ ਵਿੱਚ ਤੁਹਾਡੀ ਭਾਗੀਦਾਰੀ ਨਾਲ ਸਾਨੂੰ ਸਕੂਲਾਂ ਨੂੰ ਬਿਹਤਰ ਬਣਾਉਣ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਕਲਿਆਣ ਸਾਡੇ ਹਰ ਕੰਮ ਦਾ ਕੇਂਦਰ ਹਨ।

**ਸਰਵੇਖਣ ਪੂਰਾ ਕਰਨ ਲਈ ਹੁਣੇ haveyoursay.hdsb.ca 'ਤੇ ਜਾਓ।**

*Have Your Say* ਸਰਵੇਖਣ ਪੂਰਾ ਕਰਨ ਵਿੱਚ ਤੁਹਾਨੂੰ ਤਕਰੀਬਨ 10 ਮਿੰਟ ਲਗਣਗੇ। ਸਰਵੇਖਣ ਪੂਰੀ ਤਰ੍ਹਾਂ ਗੁੰਮਨਾਮ ਹੈ ਅਤੇ ਵਿਸ਼ਲੇਸ਼ਣ ਵਿਅਕਤੀਗਤ ਜਵਾਬਾ ਨੂੰ ਰਲਾ ਕੇ ਕੀਤਾ ਜਾਏਗਾ। ਸਰਵੇਖਣ ਛੇ ਹੋਰ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ: ਅਰਬੀ, ਫ੍ਰੈਂਚ, ਹਿੰਦੀ, ਮੈਂਡਰਿਨ, ਪੰਜਾਬੀ ਅਤੇ ਉਰਦੂ।

ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਇਸ ਸਰਵੇਖਣ ਦੇ ਨਤੀਜਿਆਂ ਨੂੰ ਸਮੁਦਾਅ ਦੇ ਨਾਲ ਸਾਂਝਾ ਕਰਨ ਲਈ ਵਚਨਬੱਧ ਹੈ। ਫਾਲ 2021 ਤੋਂ ਪਹਿਲਾਂ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਮਾਪਿਆਂ/ਨਿਗਰਾਨਾਂ, ਵਿਦਿਆਰਥੀਆਂ, ਸਟਾਫ ਅਤੇ ਸਮੁਦਾਅ ਦੇ ਵਿਚਾਰਾਂ ਦੇ ਸਾਰ ਨੂੰ ਸਭ ਦੇ ਨਾਲ ਸਾਂਝਾ ਕਰੇਗਾ।

ਸਕੂਲ ਅਤੇ ਵਿਵਸਥਾ ਦੇ ਸੁਧਾਰ ਦੀ ਯੋਜਨਾਬੰਦੀ ਵਿੱਚ ਸਹਾਇਤਾ ਦੇ ਉਦੇਸ਼ ਨਾਲ ਸਾਨੂੰ ਜਾਣਕਾਰੀ ਦੇਣ ਵਾਸਤੇ ਇਸ ਸਰਵੇਖਣ ਵਿੱਚ ਭਾਗ ਲੈਣ ਲਈ ਤੁਹਾਡਾ ਧੰਨਵਾਦ।

ਜੇ ਤੁਹਾਡੇ ਮਨ ਵਿੱਚ ਇਸ ਸਰਵੇਖਣ ਦੇ ਬਾਰੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਡਾ. Rossana Bisceglia, ਪੀਐਚ.ਡੀ., ਖੋਜ ਵਿਸ਼ੇਸ਼ੱਗ ਨਾਲ ਇਥੇ ਸੰਪਰਕ ਕਰੋ: bisceglaro@hdsb.ca.